ਸ਼ਹੀਦੀ ਸ਼ਤਾਬਦੀ ਪੁਸਤਕ
ਪ੍ਰਕਾਸ਼ਨਾ ਲੜੀ-9

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਪ੍ਰਯੁਕਤ ਹਰਿਆਣਵੀ ਭਾਸ਼ਾ ਦੇ ਸ਼ਬਦ-ਜੋੜ

ਹਰਿਆਣਵੀ ਭਾਸ਼ਾ ਦੀਆਂ ਉਪ-ਭਾਸ਼ਾਵਾਂ

1. ਬਾਂਗਰੂ
2. ਕੌਰਵੀ
3. ਅਹੀਰਵਾਟੀ
4. ਮੇਵਾਤੀ
5. ਬ੍ਰਜ
6. ਬਾਗੜੀ

ਡਾ. ਸੰਦੀਪ ਸਿੰਘ

ਪਬਲੀਕੇਸ਼ਨ ਅਤੇ ਖੋਜ ਵਿਭਾਗ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,
ਕੁਰੂਕਸ਼ੇਤਰ

ਭੇਟਾ ਰਹਿਤ

©
Haryana Sikh Gurdwara Management Committee,
Kurukshetra

**Sri Guru Teg Bahadar ji di Bani vich Paryukt Haryanvi Bhasha de Shabad-Jod (Punjabi)**

Writer:
Dr. Sandeep Singh
In-charge
Department of Publication & Research,
Haryana Sikh Gurdwara Management Committee,
Kurukshetra

Research Associate:
Gurmeet Singh Danoli

Typing Work:
Satnam Singh

1st edition November 2025
4,000

Printer: Tejas Printers, Patiala

Published by Department of Publication & Research,
Haryana Sikh Gurdwara Management Committee,
Kurukshetra

# ਮੁੱਖ ਬੰਧ

ਨੌਂਵੇਂ ਪਾਤਸ਼ਾਹ ਜੀ ਦੀ ਪਾਵਨ ਬਾਣੀ, ਸਮੁੱਚੀ ਮਨੁੱਖਤਾ ਨੂੰ ਪਰਮਾਰਥ ਦਾ ਗਿਆਨ ਬਖਸ਼ਿਸ਼ ਕਰਨ ਵਾਲਾ ਇਕ ਇਲਾਹੀ ਖਜ਼ਾਨਾ ਹੈ ਜੋ ਮਨੁੱਖ ਲਈ ਰੂਹਾਨੀ ਮਾਰਗ ਦਰਸ਼ਨ ਦਾ ਕਾਰਜ ਕਰ ਰਹੀ ਹੈ। ਮਨੁੱਖ ਨੂੰ ਅਕਾਲ ਪੁਰਖ ਦੇ ਮਿਲਾਪ ਦਾ ਰਾਹ ਦਰਸਾਉਣ ਵਾਲੀ ਇਹ ਪਵਿੱਤਰ ਬਾਣੀ, ਵੱਖ-ਵੱਖ ਪੱਖਾਂ ਨੂੰ ਵੀ ਰੂਪਮਾਨ ਕਰਦੀ ਹੈ ਜਿਸ ਵਿਚੋਂ ਅਧਿਆਤਮ ਅਤੇ ਸਾਹਿਤ ਦੇ ਅਨੇਕਾਂ ਵਿਸ਼ੇ ਪ੍ਰਗਟ ਹੁੰਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਣ ਵਾਲੇ ਮਹਾਨ ਗੁਰਸਿੱਖਾਂ ਦੇ 350 ਸਾਲਾ ਸ਼ਹੀਦੀ ਦਿਵਸ ’ਤੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ‘ਪਬਲੀਕੇਸ਼ਨ ਅਤੇ ਖੋਜ ਵਿਭਾਗ’ ਵੱਲੋਂ ਗੁਰੂ ਸਾਹਿਬ ਦੀ ਬਾਣੀ ਵਿਚ ਮੌਜੂਦ ਹਰਿਆਣਵੀ ਭਾਸ਼ਾ ਦੇ ਸਬਦ-ਜੋੜਾਂ ਸੰਬੰਧੀ ਖੋਜ ਭਰਪੂਰ ਟ੍ਰੈਕਟ ਤਿਆਰ ਕੀਤਾ ਗਿਆ ਹੈ। ਵਿਭਾਗ ਦੇ ਇੰਚਾਰਜ ਡਾ. ਸੰਦੀਪ ਸਿੰਘ ਦਾ ਇਹ ਕਾਰਜ, ਆਪਣੇ ਆਪ ਵਿਚ ਇਕ ਅਹਿਮ ਕਾਰਜ ਹੈ ਕਿਉਂਕਿ ਗੁਰੂ ਸਾਹਿਬ ਦੀ ਬਾਣੀ ਵਿਚੋਂ ਇਸ ਵਿਸ਼ੇ ਨਾਲ ਸੰਬੰਧਿਤ ਇਹ ਸ਼ਾਇਦ ਪਹਿਲਾ ਕਾਰਜ ਹੈ। ਆਸ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ, ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸ਼ਰਧਾਂਜਲੀ ਰੂਪ ਉਪਰਾਲੇ ਨੂੰ ਸਾਧ ਸੰਗਤ ਪੂਰਨ ਸਹਿਯੋਗ ਪ੍ਰਦਾਨ ਕਰੇਗੀ।

**ਜਥੇਦਾਰ ਜਗਦੀਸ਼ ਸਿੰਘ ਝੀਂਡਾ**
**ਪ੍ਰਧਾਨ**
**ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ**
**ਕੁਰੂਕਸ਼ੇਤਰ।**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਬਾਣੀ ਸੰਸਾਰਿਕ ਮੋਹ ਮਾਇਆ ਵਿਚ ਗ੍ਰਸਿਤ ਮਨੁੱਖ ਨੂੰ ਜਿੱਥੇ ਪਦਾਰਥਕ ਸੰਸਾਰ ਦੀ ਅਸਲੀਅਤ ਦਰਸਾ ਕੇ ਪਰਮਾਰਥ ਨਾਲ ਜੋੜਦੀ ਹੈ ਓਥੇ ਇਸ ਪਾਵਨ ਬਾਣੀ ਵਿਚੋਂ ਸਾਹਿਤਕ ਪੱਖ-ਕਾਵਿ ਕਲਾ, ਪ੍ਰਤੀਕ, ਅਲੰਕਾਰ, ਭਾਸ਼ਾ ਆਦਿ ਵੀ ਪ੍ਰਗਟ ਹੁੰਦੇ ਹਨ। ਗੁਰੂ ਸਾਹਿਬ ਜੀ ਦੀ ਬਾਣੀ ਦੀ ਭਾਸ਼ਾ ਮੁੱਖ ਰੂਪ ਵਿਚ ਸਧੁੱਕੜੀ ਜਾਂ ਸਾਧ ਅਤੇ ਬ੍ਰਜ ਭਾਸ਼ਾ ਹੀ ਹੈ ਜਿਸ ਵਿਚ ਅਨੇਕ ਖੇਤਰੀ ਭਾਸ਼ਾਵਾਂ ਦੇ ਪ੍ਰਚਲਤ ਸ਼ਬਦ-ਜੋੜਾਂ ਦੀ ਵੀ ਮੌਜੂਦਗੀ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਗੁਰੂ ਕਾਲ ਦਾ ਬਹੁਤਾਤ ਸਮਾਂ ਤਤਕਾਲੀਨ ਪੰਜਾਬ ਦੇ ਮਾਲਵਾ- ਬਾਂਗਰ ਅਤੇ ਪੂਰਬੀ ਭਾਰਤ ਦੀਆਂ ਪ੍ਰਚਾਰ ਯਾਤਰਾਵਾਂ ਵਿਚ ਬਤੀਤ ਕੀਤਾ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਬਾਣੀ ਵਿਚ ਮਲਵਈ, ਹਰਿਆਣਵੀ, ਅਵਧੀ, ਭੋਜਪੁਰੀ ਆਦਿ ਖੇਤਰੀ ਭਾਸ਼ਾਵਾਂ ਦੇ ਠੇਠ ਭਾਸ਼ਾਈ ਸ਼ਬਦ-ਜੋੜ ਪ੍ਰਾਪਤ ਹੋ ਜਾਂਦੇ ਹਨ।

ਇਸ ਟ੍ਰੈਕਟ ਦਾ ਉਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵਰਤੇ ਗਏ ਹਰਿਆਣਵੀ ਭਾਸ਼ਾ ਦੇ ਸ਼ਬਦ-ਜੋੜਾਂ ਨੂੰ ਸਾਹਮਣੇ ਲਿਆਉਣਾ ਹੈ। 'ਹਰਿਆਣਵੀ' ਸ਼ਬਦ ਹਰਿਆਣਾ ਪ੍ਰਦੇਸ਼ ਦੇ ਨਿਵਾਸੀਆਂ ਅਤੇ ਉਨ੍ਹਾਂ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਲਈ ਵਰਤਿਆ ਜਾਂਦਾ ਹੈ, ਜਿਸ ਦੀ ਉਤਪਤੀ ‘ਹਰਿਆਣਾ’ ਸ਼ਬਦ ਨਾਲ ‘ਵੀ’ ਪਿਛੇਤਰ ਜੋੜਨ ਨਾਲ ਹੋਈ ਹੈ। ਸਮੇਂ-ਸਮੇਂ ’ਤੇ ਵੱਖ-ਵੱਖ ਵਿਦਵਾਨਾਂ ਨੇ ਹਰਿਆਣਵੀ ਨੂੰ ਵੱਖ-ਵੱਖ ਨਾਮਾਂ ਨਾਲ ਸੰਬੋਧਿਤ ਕੀਤਾ ਹੈ, ਜਿਨ੍ਹਾਂ ਵਿੱਚ ਬਾਂਗਰੂ, ਕੌਰਵੀ, ਦੱਖਣੀ ਹਿੰਦੀ, ਜਾਟੂ, ਖੜੀ ਬੋਲੀ ਆਦਿ ਮੁੱਖ ਹਨ। ਹਰਿਆਣਾ ਪ੍ਰਦੇਸ਼ ਭੂਗੋਲਿਕ ਨਕਸ਼ੇ ’ਤੇ ਸੰਨ 1966 ਈ. ਵਿੱਚ ਆਇਆ

ਸੀ, ਇਸ ਲਈ ਇਸ ਤੋਂ ਪਹਿਲਾਂ ਇਸ ਤਰ੍ਹਾਂ ਦੇ ਨਾਮਕਰਣ ਸੁਭਾਵਿਕ ਹਨ।[1]

ਹਰਿਆਣਵੀ ਭਾਸ਼ਾ ਦੇ ਵਿਦਵਾਨਾਂ ਦੇ ਅਨੁਸਾਰ[2] ਇਕ ਸਮੇਂ ਸਾਹਿਤਕ ਭਾਸ਼ਾ ਰਹੀ 'ਬ੍ਰਜ' ਅਤੇ ਲੰਬੇ ਸਮੇਂ ਤੱਕ ਰਾਜ-ਕਾਜ ਦੀ ਭਾਸ਼ਾ ਰਹੀ 'ਉਰਦੂ' ਦਾ ਨਿਰਮਾਣ ਹਰਿਆਣਵੀ ਅਤੇ ਇਸ ਦੀਆਂ ਉਪ-ਬੋਲੀਆਂ ਤੋਂ ਹੋਇਆ ਹੈ ਅਤੇ ਅੱਜ ਦੇ ਸਮੇਂ ਵਿੱਚ ਦੇਸ਼ ਦੀ ਰਾਸ਼ਟਰੀ ਭਾਸ਼ਾ ਹਿੰਦੀ, ਹਰਿਆਣਵੀ ਭਾਸ਼ਾ ਦਾ ਸ਼ਹਿਰੀ ਰੂਪ ਹੈ।

ਹਰਿਆਣਵੀ ਦਾ ਖੇਤਰ ਹਰਿਆਣਾ ਰਾਜ ਤੋਂ ਇਲਾਵਾ ਇਸ ਦੇ ਨੇੜਲੇ ਖੇਤਰ ਵੀ ਹਨ। ਜਦੋਂ 1911 ਈ. ਵਿੱਚ ਬ੍ਰਿਟਿਸ਼ ਸਰਕਾਰ ਨੇ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾਇਆ ਤਾਂ ਦਿੱਲੀ ਸ਼ਹਿਰ ਤੋਂ ਇਲਾਵਾ ਚਾਰੇ ਦਿਸ਼ਾਵਾਂ ਦੇ ਪਿੰਡ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਦਿੱਲੀ ਪ੍ਰਾਂਤ ਵਿੱਚ ਹੀ ਰੱਖੇ ਗਏ। ਇਨ੍ਹਾਂ ਪੇਂਡੂ ਖੇਤਰਾਂ ਦੀ ਬੋਲੀ ਹਰਿਆਣਵੀ ਹੀ ਹੈ ਜਿਸ ਨੂੰ ਦੇਸੀ, ਦਿਹਾਤੀ ਜਾਂ ਉੱਚੀ ਬੋਲੀ ਕਿਹਾ ਜਾਂਦਾ ਹੈ। ਇਹੀ ਨਾਮ ਹਰਿਆਣਵੀ ਦਾ ਵੀ ਪਰਿਆਇ ਹੈ। ਉੱਧਰ ਯਮੁਨਾ 'ਤੇ ਮੇਰਠ ਤੱਕ ਹਰਿਆਣਵੀ ਦੀ ਕੌਰਵੀ ਬੋਲੀ ਦਾ ਦਬਦਬਾ ਹੈ। ਹਰਿਆਣਾ ਨਾਲ ਲੱਗਦੇ ਰਾਜਸਥਾਨੀ ਖੇਤਰ ਭਰਤਪੁਰ ਤੱਕ ਹਰਿਆਣਵੀ ਦਾ ਪ੍ਰਭਾਵ ਸਪੱਸ਼ਟ ਰੂਪ ਵਿੱਚ ਦੇਖਿਆ ਜਾ ਸਕਦਾ ਹੈ।[3]

---

[1] ਰਘੁਬੀਰ ਸਿੰਘ ਮਥਾਨਾ ਅਤੇ ਡਾ. ਬਾਬੂ ਰਾਮ, ਹਰਿਆਣਵੀ ਸਾਹਿਤਯ ਕਾ ਇਤਿਹਾਸ, ਲਕਸ਼ਮਣ ਸਾਹਿਤਯ ਪ੍ਰਕਾਸ਼ਨ, ਰੋਹਤਕ, 2004, ਪੰਨਾ 10

[2] ਉਹੀ, ਪੰਨਾ 17

[3] ਉਹੀ, ਪੰਨੇ 19-20

ਖੇਤਰੀ ਵੰਡ ਦੇ ਅਨੁਸਾਰ ਹਰਿਆਣਵੀ ਭਾਸ਼ਾ ਦੀਆਂ ਛੇ ਉਪ-ਭਾਸ਼ਾਵਾਂ ਮੰਨੀਆਂ ਜਾਂਦੀਆਂ ਹਨ: ਬਾਂਗਰੂ, ਕੌਰਵੀ, ਅਹੀਰਵਾਟੀ, ਮੇਵਾਤੀ, ਬਾਗੜੀ ਅਤੇ ਬ੍ਰਜ। ਗੁਰੂ ਸਾਹਿਬ ਦੀ ਬਾਣੀ ਵਿੱਚ ਮੌਜੂਦ ਹਰਿਆਣਵੀ ਭਾਸ਼ਾ ਦੇ ਸ਼ਬਦ-ਜੋੜਿਆਂ ਵਿੱਚੋਂ ਅਧਿਕਤਰ ਬਾਂਗਰੂ ਅਤੇ ਬ੍ਰਜ ਉਪ-ਭਾਸ਼ਾਵਾਂ ਨਾਲ ਸੰਬੰਧਿਤ ਹਨ। ਕੁਝ ਸ਼ਬਦ ਤਤਸਮ ਜਾਂ ਤਦਭਵ ਰੂਪ ਵਿੱਚ ਅਹੀਰਵਾਟੀ ਅਤੇ ਕੌਰਵੀ ਉਪ-ਭਾਸ਼ਾਵਾਂ ਤੋਂ ਵੀ ਹਨ। ਗੁਰੂ ਸਾਹਿਬ ਦੀ ਬਾਣੀ ਦੀ ਮੁੱਖ ਭਾਸ਼ਾ ਸਧੁੱਕੜੀ ਜਾਂ ਸਾਧ ਭਾਸ਼ਾ ਅਤੇ ਬ੍ਰਜ ਭਾਸ਼ਾ ਮੰਨੀ ਜਾਂਦੀ ਹੈ ਜੋ ਹਰਿਆਣਵੀ ਭਾਸ਼ਾ ਦੀ ਉਪ-ਭਾਸ਼ਾ ਹੋਣ ਦੇ ਨਾਲ-ਨਾਲ ਪੱਛਮੀ ਉੱਤਰ ਪ੍ਰਦੇਸ਼ ਦੇ ਮਥੁਰਾ, ਬ੍ਰਿੰਦਾਵਨ, ਬ੍ਰਜ ਆਦਿ ਖੇਤਰਾਂ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਹੈ।

ਪੰਜਾਬੀ ਭਾਸ਼ਾ ਅਤੇ ਹਰਿਆਣਵੀ ਭਾਸ਼ਾ ਦੇ ਸ਼ਬਦ-ਜੋੜ ਰੂਪਾਂ ਵਿਚ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਪੰਜਾਬੀ ਭਾਸ਼ਾ ਦੇ ਕਈ ਸ਼ਬਦ ਜੋੜਾਂ ਵਿਚ ਪ੍ਰਯੋਗ ਕੀਤੀ ਜਾਣ ਵਾਲੀ 'ਲਾਂ' ਦੀ ਮਾਤਰਾ ਹਰਿਆਣਵੀ ਭਾਸ਼ਾ ਵਿਚ 'ਦੁਲਾਵਾਂ' ਦੇ ਰੂਪ ਵਿਚ ਬਦਲ ਜਾਂਦੀ ਹੈ, ਬਾਕੀ ਸ਼ਬਦ ਦਾ ਰੂਪ ਉਹੀ ਰਹਿੰਦਾ ਹੈ, ਜਿਵੇਂ ਪੰਜਾਬੀ ਭਾਸ਼ਾ ਦੇ ਆਵੇ, ਜਾਵੇ, ਸਮਝਾਵੇ, ਤੇਰੇ, ਕਰੇ, ਭਰੋਸੇ ਆਦਿ ਸ਼ਬਦ ਹਰਿਆਣਵੀ ਵਿਚ ਆਵੈ, ਜਾਵੈ, ਸਮਝਾਵੈ, ਤੇਰੈ, ਕਰੈ, ਭਰੋਸੈ ਵਿਚ ਬਦਲ ਜਾਂਦੇ ਹਨ। ਗੁਰੂ ਜੀ ਦੀ ਬਾਣੀ ਵਿਚ ਪ੍ਰਯੁਕਤ ਹਰਿਆਣਵੀ ਭਾਸ਼ਾ ਦੇ ਸਮੁੱਚੇ ਸ਼ਬਦ-ਜੋੜਾਂ ਨੂੰ ਅਸੀਂ ਚਾਰ ਭਾਗਾਂ ਵਿਚ ਵੰਡ ਸਕਦੇ ਹਾਂ–

ੳ) ਹਰਿਆਣਵੀ ਭਾਸ਼ਾ ਦੇ ਮੂਲ ਸ਼ਬਦ:– ਜਿਵੇਂ-ਪਾਵੈ, ਭਰੋਸੈ, ਚਾਲੈ, ਆਵੈ,

ਰਾਖੈ, ਤੇਰੈ, ਭਾਜਿ, ਗਾਤ, ਤੈ, ਮੈ (ਵਿਚ) ਆਦਿ।

ਅ) ਤਤਸਮ ਅਤੇ ਤਦਭਵ ਸ਼ਬਦ:- ਜਿਵੇਂ- ਦੀਸੈ, ਟੇਕ, ਮਾਹਿ, ਰਹੈ।

ੲ) ਹਰਿਆਣਵੀ ਭਾਸ਼ਾ ਦੇ ਸ਼ਬਦ ਜੋ ਦੂਸਰੀਆਂ ਭਾਸ਼ਾਵਾਂ (ਅਵਧੀ, ਹਿੰਦੀ, ਰਾਜਸਥਾਨੀ ਆਦਿ) ਵਿਚ ਵੀ ਉਸੇ ਰੂਪ ਵਿਚ ਪ੍ਰਾਪਤ ਹੋ ਜਾਂਦੇ ਹਨ:- ਜਿਵੇਂ- ਖੇਲੁ, ਮਾਨਸ, ਨਿਆਰਾ, ਬਾਤ, ਕਾਮਿ, ਭੀਤਰਿ, ਪਾਂਚ, ਕਾ, ਕੀ ਆਦਿ

ਸ) ਬਹੁਅਰਥੀ ਸ਼ਬਦ ਜੋੜ:- ਜਿਵੇਂ- ਬਾਰ, ਰਾਮ ਆਦਿ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਪ੍ਰਯੋਗ ਕੀਤੇ ਗਏ ਹਰਿਆਣਵੀ ਭਾਸ਼ਾ ਦੇ ਸ਼ਬਦ ਜੋੜਾਂ ਦਾ ਅਰਥ ਸਮੇਤ ਵੇਰਵਾ- ਗੁਰਮੁਖੀ ਦੇ ਅੱਖਰ ਕ੍ਰਮ ਅਨੁਸਾਰ ਇਸ ਪ੍ਰਕਾਰ ਹੈ-

1. ਅਰੁ

ਸ਼ਾਬਦਿਕ ਅਰਥ- **ਅਤੇ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸਮਾਨ ਯੋਜਕ ਦੇ ਰੂਪ ਵਿਚ:

*ਜੋ ਤਨ ਤੈ ਅਪਨੋ ਕਰਿ ਮਾਨਿਓ **ਅਰੁ** ਸੁੰਦਰ ਗ੍ਰਿਹ ਨਾਰੀ ॥* [4]

2. ਆਜ

ਸ਼ਾਬਦਿਕ ਅਰਥ- **ਅੱਜ**

---

[4] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 220

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਨਿਸ਼ਚੇਵਾਚਕ ਵਿਸ਼ੇਸ਼ਣ ਦੇ ਰੂਪ ਵਿਚ:

***ਆਜੁ*** *ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਿਓ ਚੀਤ ॥* [5]

3. ਆਵੈ

ਸ਼ਾਬਦਿਕ ਅਰਥ- **ਆਉਂਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਧੀਨ ਯੋਜਕ (ਸ਼ਰਤ ਵਾਚਕ) ਰੂਪ ਵਾਲੇ ਵਾਕ ਵਿਚ:

*ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ* ***ਆਵੈ*** *॥* [6]

4. ਇਨ ਮੈ

ਸ਼ਾਬਦਿਕ ਅਰਥ- **ਇਨ੍ਹਾਂ ਵਿਚ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਧਿਕਰਨ ਕਾਰਕ ਦੇ ਰੂਪ ਵਿਚ:

***ਇਨ ਮੈ*** *ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥* [7]

5. ਏਕ

ਸ਼ਾਬਦਿਕ ਅਰਥ- **ਇਕ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਗਿਣਤੀ ਵਾਚਕ ਵਿਸ਼ੇਸ਼ਣ ਦੇ ਰੂਪ ਵਿਚ:

---

[5] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 220

[6] ਉਹੀ, ਅੰਗ 830

[7] ਉਹੀ, ਅੰਗ 1426

*ਕਹੁ ਨਾਨਕ ਇਹ ਬਿਪਤਿ ਮੈ ਟੇਕ **ਏਕ** ਰਘੁਨਾਥ ॥* [8]

6. ਸਮਝਾਵੈ

ਸ਼ਾਬਦਿਕ ਅਰਥ- **ਸਮਝਾ ਦੇਵੇ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਰਮ ਕਾਰਕ ਰੂਪ ਵਾਲੇ ਵਾਕ ਵਿਚ:

*ਕੋਊ ਮਾਈ ਭੂਲਿਓ ਮਨੁ **ਸਮਝਾਵੈ** ॥* [9]

7. ਸਮਝੈ

ਸ਼ਾਬਦਿਕ ਅਰਥ- **ਸਮਝਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ-ਨਿਖੇਧੀ ਸਮਾਨ ਯੋਜਕ ਰੂਪ ਵਾਲੇ ਵਾਕ ਵਿਚ:

*ਬਿਰਧਿ ਭਇਓ ਅਜਹੂ ਨਹੀ **ਸਮਝੈ** ਕਉਨ ਕੁਮਤਿ ਉਰਝਾਨਾ ॥* [10]

8. ਸਰੈ

ਸ਼ਾਬਦਿਕ ਅਰਥ- **ਸਰਦਾ ਹੈ, ਬਣਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ– ਕਿਰਿਆ ਦੇ ਰੂਪ ਵਿਚ:

*ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ **ਸਰੈ** ॥* [11]

---

[8] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1429

[9] ਉਹੀ, ਅੰਗ 219

[10] ਉਹੀ, ਅੰਗ 802

[11] ਉਹੀ, ਅੰਗ 536

9. ਸਾਚੀ

ਸ਼ਾਬਦਿਕ ਅਰਥ- **ਸੱਚ, ਸੱਚੀ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਭਾਵਵਾਚਕ ਨਾਂਵ ਦੇ ਰੂਪ ਵਿਚ:

*ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ **ਸਾਚੀ** ਮਾਨੁ ॥*[12]

10. ਸੀ

ਸ਼ਾਬਦਿਕ ਅਰਥ- **ਵਰਗੀ, ਵਰਗਾ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਗੁਣਵਾਚਕ ਵਿਸ਼ੇਸ਼ਣ ਦੇ ਰੂਪ ਵਿਚ:

*ਜਿਹ ਸਿਮਰਤ ਗਨਕਾ **ਸੀ** ਉਧਰੀ ਤਾ ਕੋ ਜਸੁ ਉਰ ਧਾਰੋ ॥* [13]

11. ਕਰੈ

ਸ਼ਾਬਦਿਕ ਅਰਥ- **ਕਰਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੁਰਖ ਵਾਚਕ ਪੜਨਾਂਵ (ਅਨਯ ਪੁਰਖ) ਰੂਪ ਵਾਲੇ ਵਾਕ ਵਿਚ:

*ਤੀਰਥ **ਕਰੈ** ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥* [14]

12. ਕਾ

---

[12] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427

[13] ਉਹੀ, ਅੰਗ 632

[14] ਉਹੀ, ਅੰਗ 831

ਸ਼ਾਬਦਿਕ ਅਰਥ- **ਦਾ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਕਾਰਕ :

*ਨਾਨਕ ਬਿਰਦੁ ਰਾਮ **ਕਾ** ਦੇਖਹੁ ਅਭੈ ਦਾਨੁ ਤਿਹ ਦੀਨਾ ॥*[15]

13. ਕਾਮਿ

ਸ਼ਾਬਦਿਕ ਅਰਥ- **ਕੰਮ, ਕਾਰਜ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਾਲ ਵਾਚਕ ਕਿਰਿਆ ਵਿਸ਼ੇਸ਼ਣ ਰੂਪ ਵਾਲੇ ਵਾਕ ਵਿਚ:

*ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ **ਕਾਮਿ** ਨ ਆਇਓ ॥* [16]

14. ਕਾਲੁ

ਸ਼ਾਬਦਿਕ ਅਰਥ- **ਕਲ੍ਹ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਾਲ ਵਾਚਕ ਕਿਰਿਆ ਵਿਸ਼ੇਸ਼ਣ ਰੂਪ ਵਾਲੇ ਵਾਕ ਵਿਚ:

*ਛਿਨੁ ਛਿਨੁ ਕਰਿ ਗਇਓ ਕਾਲੁ ਜੈਸੇ ਜਾਤ ਆਜੁ ਹੈ ॥* [17]

15. ਕੀ

---

[15] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 902

[16] ਉਹੀ, ਅੰਗ 634

[17] ਉਹੀ, ਅੰਗ 1352

ਸ਼ਾਬਦਿਕ ਅਰਥ- **ਦੀ**
ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਕਾਰਕ:

*ਬਿਰਥਾ ਕਹਉ ਕਉਨ ਸਿਉ ਮਨ **ਕੀ** ॥* [18]

16. ਕੈ

ਸ਼ਾਬਦਿਕ ਅਰਥ- ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਇਹ ਸ਼ਬਦ ਜੋੜ ਦੋ ਅਰਥਾਂ ਵਿਚ ਪ੍ਰਯੋਗ ਹੋਇਆ ਹੈ ਅਤੇ ਹਰਿਆਣਵੀ ਭਾਸ਼ਾ ਵਿਚ ਵੀ ਇਹ ਸ਼ਬਦ ਇਨ੍ਹਾਂ ਦੋਵਾਂ ਅਰਥਾਂ ਵਿਚ ਹੀ ਪ੍ਰਯੋਗ ਹੁੰਦਾ ਹੈ ਜੋ ਇਸ ਪ੍ਰਕਾਰ ਹਨ–

ਪਹਿਲਾ ਅਰਥ- **ਦੇ, ਦਾ** (ਸੰਬੰਧ ਕਾਰਕ ਦੇ ਰੂਪ ਵਿਚ):
*ਜਾ **ਕੈ** ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥* [19]

ਦੂਜਾ ਅਰਥ- **ਕੇ**, ਜਿਵੇਂ– ਖਾ ਕੇ, ਨਹਾ ਕੇ ਆਦਿ (ਪੂਰਬ ਪੂਰਨ ਕਾਰਦੰਤਕ ਦੇ ਰੂਪ ਵਿਚ)–
*ਜਾਨਿ ਬੂਝ **ਕੈ** ਬਾਵਰੇ ਤੈ ਕਾਜੁ ਬਿਗਾਰਿਓ ॥* [20]

17. ਖੇਲੁ

---

[18] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 411

[19] ਉਹੀ, ਅੰਗ 901

[20] ਉਹੀ, ਅੰਗ 727

ਸ਼ਾਬਦਿਕ ਅਰਥ- **ਖੇਡ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੜਨਾਵੀਂ ਵਿਸ਼ੇਸ਼ਣ ਰੂਪ ਵਾਲੇ ਵਾਕ ਵਿਚ:

*ਜਨ ਨਾਨਕ ਇਹੁ **ਖੇਲੁ** ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥* [21]

18. ਗਾਤੁ

ਸ਼ਾਬਦਿਕ ਅਰਥ- **ਸਰੀਰ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੁਰਖ ਵਾਚਕ ਪੜਨਾਂਵ (ਮੱਧਮ ਪੁਰਖ) ਰੂਪ ਵਾਲੇ ਵਾਕ ਵਿਚ:

*ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ **ਗਾਤੁ** ॥* [22]

19. ਗਾਵੈ

ਸ਼ਾਬਦਿਕ ਅਰਥ- **ਗਾਉਂਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਾਲ ਵਾਚਕ ਕਿਰਿਆ ਵਿਸ਼ੇਸ਼ਣ ਰੂਪ ਵਾਲੇ ਵਾਕ ਵਿਚ:

*ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ **ਗਾਵੈ** ॥* [23]

20. ਘੇਰੈ

---

[21] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219

[22] ਉਹੀ, ਅੰਗ 1352

[23] ਉਹੀ, ਅੰਗ 220

ਸ਼ਾਬਦਿਕ ਅਰਥ- **ਘੇਰ ਲੈਂਦੇ ਹਨ, ਆਸੇ-ਪਾਸੇ ਇਕੱਠੇ ਹੋਣਾ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਿਰਿਆ ਦੇ ਰੂਪ ਵਿਚ:

*ਸੁਖ ਮੈ ਆਨਿ ਬਹੁਤ ਮਿਲਿ ਬੈਠਤ ਰਹਤ ਚਹੂ ਦਿਸਿ* ***ਘੇਰੈ*** *॥* [24]

21. ਚਾਲੈ

ਸ਼ਾਬਦਿਕ ਅਰਥ- **ਜਾਂਦਾ ਹੈ, ਚਲਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਿਰਿਆ ਦੇ ਰੂਪ ਵਿਚ:

*ਸੰਗਿ ਤਿਹਾਰੈ ਕਛੂ ਨ* ***ਚਾਲੈ*** *ਤਾਹਿ ਕਹਾ ਲਪਟਾਨੇ ॥* [25]

22. ਛੋਡਿਆ

ਸ਼ਾਬਦਿਕ ਅਰਥ- **ਛੱਡ ਦਿੱਤਾ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਕਾਰਕ ਰੂਪ ਵਾਲੇ ਵਾਕ ਵਿਚ:

*ਰਾਮ ਨਾਮ ਕਾ ਸਿਮਰਨੁ* ***ਛੋਡਿਆ*** *ਮਾਇਆ ਹਾਥਿ ਬਿਕਾਨਾ ॥* [26]

23. ਜਾਨੈ

ਸ਼ਾਬਦਿਕ ਅਰਥ- **ਜਾਣਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੁਰਖ ਵਾਚਕ ਪੜਨਾਂਵ (ਅਨਯ ਪੁਰਖ)

---

[24] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 634

[25] ਉਹੀ, ਅੰਗ 1186

[26] ਉਹੀ, ਅੰਗ 684

ਰੂਪ ਵਾਲੇ ਵਾਕ ਵਿਚ:

*ਅਹਿਨਿਸਿ ਅਉਧ ਘਟੈ ਨਹੀ **ਜਾਨੈ** ਭਇਓ ਲੋਭ ਸੰਗਿ ਹਉਰਾ ॥* [27]

24. ਟੇਕ

ਸ਼ਾਬਦਿਕ ਅਰਥ- **ਆਸਰਾ, ਸਹਾਰਾ**

(ਹਰਿਆਣਵੀ ਭਾਸ਼ਾ ਵਿਚ ਟੇਕ ਸ਼ਬਦ ਦਾ ਅਰਥ ਹੈ- ਰੱਖ ਦੇਣਾ)

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਕਾਰਕ ਰੂਪ ਵਾਲੇ ਵਾਕ ਵਿਚ:

*ਕਹੁ ਨਾਨਕ ਇਹ ਬਿਪਤਿ ਮੈ **ਟੇਕ** ਏਕ ਰਘੁਨਾਥ ॥* [28]

25. ਤੇ

ਸ਼ਾਬਦਿਕ ਅਰਥ- **ਤੋਂ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਪਾਦਾਨ ਕਾਰਕ ਦੇ ਰੂਪ ਵਿਚ:

*ਤਨ **ਤੇ** ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ ॥* [29]

26. ਤੇਰੈ

ਸ਼ਾਬਦਿਕ ਅਰਥ- **ਤੇਰੇ, ਤੇਰਾ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੁਰਖ ਵਾਚਕ ਪੜਨਾਂਵ (ਮੱਧਮ ਪੁਰਖ) ਦੇ

---

[27] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 220

[28] ਉਹੀ, ਅੰਗ 1429

[29] ਉਹੀ, ਅੰਗ 536

ਰੂਪ ਵਿਚ:

*ਰਾਮੁ ਸਿਮਰਿ ਰਾਮੁ ਸਿਮਰਿ ਇਹੈ **ਤੇਰੈ** ਕਾਜਿ ਹੈ ॥* [30]

27. ਤੈ

(ਇਸ ਸ਼ਬਦ ਦੀ ਵਰਤੋਂ ਹਰਿਆਣਾ ਅਤੇ ਮਾਲਵਾ ਦੇ ਸਰਹੱਦੀ ਇਲਾਕਿਆਂ ਵਿਚ ਹੁੰਦੀ ਹੈ।)

ਸ਼ਾਬਦਿਕ ਅਰਥ- **ਤੂੰ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੁਰਖ ਵਾਚਕ ਪੜਨਾਂਵ (ਮੱਧਮ ਪੁਰਖ) ਦੇ ਰੂਪ ਵਿਚ:

*ਮੁਕਤਿ ਪੰਥੁ ਜਾਨਿਓ **ਤੈ** ਨਾਹਨਿ ਧਨ ਜੋਰਨ ਕਉ ਧਾਇਆ ॥* [31]

28. ਦੀਸੈ

(ਹਰਿਆਣਵੀ ਭਾਸ਼ਾ ਵਿਚ ਇਸ ਸ਼ਬਦ ਦਾ ਉਚਾਰਣ 'ਦਿਖੈ੍ (ਦਿਖ੍ਖੈ)' ਦੇ ਰੂਪ ਵਿਚ ਹੁੰਦਾ ਹੈ।)

ਸ਼ਾਬਦਿਕ ਅਰਥ- **ਦਿਖਾਈ ਦਿੰਦਾ ਹੈ, ਦਿਸਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੁਰਖ ਵਾਚਕ ਪੜਨਾਂਵ (ਅਨਯ ਪੁਰਖ) ਰੂਪ ਵਾਲੇ ਵਾਕ ਵਿਚ:

---

[30] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1352

[31] ਉਹੀ, ਅੰਗ 631

*ਜੋ **ਦੀਸੈ** ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥* [32]

29. ਧਰੈ

ਸ਼ਾਬਦਿਕ ਅਰਥ- **ਰੱਖਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਿਰਿਆ ਦੇ ਰੂਪ ਵਿਚ:

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ **ਧਰੈ** ਗੁਮਾਨੁ ॥* [33]

30. ਨਿਆਈ

ਸ਼ਾਬਦਿਕ ਅਰਥ- **ਵਰਗਾ, ਵਰਗੀ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੜਨਾਵੀਂ ਵਿਸ਼ੇਸ਼ਣ ਦੇ ਰੂਪ ਵਿਚ:

*ਸੋ ਤੁਮ ਹੀ ਮਹਿ ਬਸੈ ਨਿਰੰਤਰ ਨਾਨਕ ਦਰਪਨਿ **ਨਿਆਈ** ॥* [34]

31. ਨਿਆਰੇ/ਨਿਆਰਾ

ਸ਼ਾਬਦਿਕ ਅਰਥ- **ਵੱਖਰਾ, ਅਲੱਗ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੜਨਾਵੀਂ ਵਿਸ਼ੇਸ਼ਣ ਦੇ ਰੂਪ ਵਿਚ:

*ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ **ਨਿਆਰਾ** ॥* [35]

---

[32] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219

[33] ਉਹੀ, ਅੰਗ 1428

[34] ਉਹੀ, ਅੰਗ 703

[35] ਉਹੀ, ਅੰਗ 703

ਬਾਣੀ ਵਿਚ ਸ਼ਬਦ ਜੋੜ ਦਾ ਦੂਜਾ ਰੂਪ- ਅਪਾਦਾਨ ਕਾਰਕ ਦੇ ਰੂਪ ਵਿਚ:

*ਤਨ ਤੇ ਪ੍ਰਾਨ ਹੋਤ ਜਬ **ਨਿਆਰੇ** ਟੇਰਤ ਪ੍ਰੇਤਿ ਪੁਕਾਰਿ ॥* [36]

32. ਪਾਂਚ

ਸ਼ਾਬਦਿਕ ਅਰਥ- **ਪੰਜ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਗਿਣਤੀ ਵਾਚਕ ਵਿਸ਼ੇਸ਼ਣ ਦੇ ਰੂਪ ਵਿਚ:

***ਪਾਂਚ** ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥* [37]

33. ਪਾਵੈ

ਸ਼ਾਬਦਿਕ ਅਰਥ- **ਪ੍ਰਾਪਤ ਕਰਦਾ ਹੈ, ਪਾਉਂਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪ੍ਰਸ਼ਨ ਵਾਚਕ ਪੜਨਾਂਵ ਰੂਪ ਵਾਲੇ ਵਾਕ ਵਿਚ:

*ਕਉਨੁ ਨਾਮੁ ਜਗੁ ਜਾ ਕੈ ਸਿਮਰੈ **ਪਾਵੈ** ਪਦੁ ਨਿਰਬਾਨਾ ॥* [38]

34. ਬਤਾਈ

ਸ਼ਾਬਦਿਕ ਅਰਥ- **ਦੱਸੀ ਹੈ, ਦੱਸ ਦਿੱਤੀ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਿਰਿਆ ਦੇ ਰੂਪ ਵਿਚ:

---

[36] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 536

[37] ਉਹੀ, ਅੰਗ 1427

[38] ਉਹੀ, ਅੰਗ 802

*ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ* ***ਬਾਤ*** *ਬਤਾਈ ॥*[39]

35. ਬਤਾਵੈ

ਸ਼ਾਬਦਿਕ ਅਰਥ- **ਦੱਸਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਿਰਿਆ ਦੇ ਰੂਪ ਵਿਚ:

*ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ* ***ਬਤਾਵੈ*** *॥*[40]

36. ਬੰਧਾਵੈ

ਸ਼ਾਬਦਿਕ ਅਰਥ- **ਬੰਨ੍ਹ ਲੈਂਦਾ ਹੈ, ਬੰਨ੍ਹਦਾ ਰਹਿੰਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਕਾਰਕ ਰੂਪ ਵਾਲੇ ਵਾਕ ਵਿਚ:

*ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ* ***ਬੰਧਾਵੈ*** *॥*[41]

37. ਬਾਤ

ਸ਼ਾਬਦਿਕ ਅਰਥ- **ਗੱਲ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਿਰਿਆ ਦੇ ਰੂਪ ਵਿਚ:

*ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ* ***ਬਾਤ*** *ਬਤਾਈ ॥*[42]

---

[39] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 632

[40] ਉਹੀ, ਅੰਗ 830

[41] ਉਹੀ, ਅੰਗ 219

[42] ਉਹੀ, ਅੰਗ 632

38. ਬਾਰ

ਸ਼ਾਬਦਿਕ ਅਰਥ- ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਇਹ ਸ਼ਬਦ ਤਿੰਨ ਅਰਥਾਂ ਵਿਚ ਪ੍ਰਯੋਗ ਹੋਇਆ ਹੈ ਅਤੇ ਇਨ੍ਹਾਂ ਤਿੰਨਾਂ ਅਰਥਾਂ ਦੇ ਰੂਪ ਵਿਚ ਹੀ ਇਹ ਸ਼ਬਦ ਹਰਿਆਣਵੀ ਭਾਸ਼ਾ ਵਿਚ ਪ੍ਰਯੋਗ ਹੁੰਦਾ ਹੈ। ਇਹ ਅਰਥ ਇਸ ਪ੍ਰਕਾਰ ਹਨ-

ਪਹਿਲਾ ਅਰਥ- **ਮੁੜ ਮੁੜ, ਦੁਬਾਰਾ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਖਿਆ ਵਾਚਕ ਕਿਰਿਆ ਵਿਸ਼ੇਸ਼ਣ ਦੇ ਰੂਪ ਵਿਚ:

*ਕਹਉ ਕਹਾ **ਬਾਰ ਬਾਰ** ਸਮਝਤ ਨਹ ਕਿਉ ਗਵਾਰ ॥*[43]

ਦੂਜਾ ਅਰਥ- **ਦੇਰੀ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪਰਿਮਾਣ ਵਾਚਕ ਕਿਰਿਆ ਵਿਸ਼ੇਸ਼ਣ ਦੇ ਰੂਪ ਵਿਚ:

*ਬਿਨਸਤ ਨਹ ਲਗੈ **ਬਾਰ** ਓਰੇ ਸਮ ਗਾਤੁ ਹੈ ॥*[44]

ਤੀਜਾ ਅਰਥ- **ਵਾਰੀ** (ਜਿਵੇਂ- ਇਸ ਵਾਰੀ, ਅਗਲੀ ਵਾਰੀ)

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਾਲ ਵਾਚਕ ਕਿਰਿਆ ਵਿਸ਼ੇਸ਼ਣ ਦੇ ਰੂਪ ਵਿਚ:

---

[43] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1352

[44] ਉਹੀ, ਅੰਗ 1352

*ਅੰਤਿ **ਬਾਰ** ਸੰਗਿ ਤੇਰੈ ਇਹੈ ਏਕੁ ਜਾਤੁ ਹੈ ॥* [45]

39. ਬਿਨੁ

ਸ਼ਾਬਦਿਕ ਅਰਥ- **ਬਿਨਾਂ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਕਾਰਕ ਰੂਪ ਵਾਲੇ ਵਾਕ ਵਿਚ:

*ਰਾਮ ਨਾਮ **ਬਿਨੁ** ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥* [46]

40. ਭਜਨੁ

ਸ਼ਾਬਦਿਕ ਅਰਥ- **ਪਰਮਾਤਮਾ ਦਾ ਨਾਮ ਸਿਮਰਨ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਧਿਕਰਨ ਕਾਰਕ ਰੂਪ ਵਾਲੇ ਵਾਕ ਵਿਚ:

*ਜਾ ਮੈ **ਭਜਨੁ** ਰਾਮ ਕੋ ਨਾਹੀ ॥* [47]

41. ਭਰੈ

ਸ਼ਾਬਦਿਕ ਅਰਥ- **ਭਰਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਿਰਿਆ ਦੇ ਰੂਪ ਵਿਚ:

*ਕਰ ਪਰਪੰਚ ਜਗਤ ਕਉ ਡਹਕੈ ਅਪਨੋ ਉਦਰੁ **ਭਰੈ** ॥* [48]

---

[45] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1352

[46] ਉਹੀ, ਅੰਗ 703

[47] ਉਹੀ, ਅੰਗ 831

[48] ਉਹੀ, ਅੰਗ 536

42. ਭਰੋਸੈ

ਸ਼ਾਬਦਿਕ ਅਰਥ- **ਭਰੋਸੇ 'ਤੇ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਕਾਰਕ ਰੂਪ ਵਾਲੇ ਵਾਕ ਵਿਚ:

*ਕਹੁ ਨਾਨਕ ਮੈ ਇਹੀ **ਭਰੋਸੈ** ਗਹੀ ਆਨਿ ਸਰਨਾਈ ॥* [49]

43. ਭਾਈ

ਸ਼ਾਬਦਿਕ ਅਰਥ- **ਭਰਾ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੁਲਿੰਗ ਨਾਂਵ ਦੇ ਰੂਪ ਵਿਚ:

*ਸਭ ਕਿਛੁ ਜੀਵਤ ਕੋ ਬਿਵਹਾਰ ॥*
*ਮਾਤ ਪਿਤਾ **ਭਾਈ** ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥* [50]

44. ਭਾਜਿ

ਸ਼ਾਬਦਿਕ ਅਰਥ- **ਭੱਜ ਕੇ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਪੁਰਖ ਵਾਚਕ ਪੜਨਾਂਵ (ਮੱਧਮ ਪੁਰਖ) ਰੂਪ ਵਾਲੇ ਵਾਕ ਵਿਚ:

*ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ **ਭਾਜਿ** ਰੇ॥* [51]

---

[49] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1008

[50] ਉਹੀ, ਅੰਗ 536

[51] ਉਹੀ, ਅੰਗ 1352

45. ਭੀਤਰਿ

ਸ਼ਾਬਦਿਕ ਅਰਥ- **ਅੰਦਰ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਧਿਕਰਨ ਕਾਰਕ ਦੇ ਰੂਪ ਵਿਚ:

*ਰਤਨੁ ਰਾਮੁ ਘਟ ਹੀ ਕੇ **ਭੀਤਰਿ** ਤਾ ਕੋ ਗਿਆਨੁ ਨ ਪਾਇਓ ॥* [52]

46. ਮਾਥੈ

ਸ਼ਾਬਦਿਕ ਅਰਥ- **ਮੱਥੇ ਉੱਤੇ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਧਿਕਰਨ ਕਾਰਕ ਦੇ ਰੂਪ ਵਿਚ:

*ਕਹੁ ਨਾਨਕ ਸੁਨ ਰੇ ਮਨਾ ਤਿਹ ਨਰ **ਮਾਥੈ** ਭਾਗ ॥* [53]

47. ਮਾਹਿ

ਸ਼ਾਬਦਿਕ ਅਰਥ- **ਵਿਚ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਧਿਕਰਨ ਕਾਰਕ ਦੇ ਰੂਪ ਵਿਚ:

*ਮਨ ਕੀ ਮਨ ਹੀ **ਮਾਹਿ** ਰਹੀ ॥* [54]

48. ਮਾਨ/ਮਾਨਿ

ਸ਼ਾਬਦਿਕ ਅਰਥ- **ਮੰਨ ਲੈ**

---

[52] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 703

[53] ਉਹੀ, ਅੰਗ 1427

[54] ਉਹੀ, ਅੰਗ 631

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਾਰਨ ਵਾਚਕ ਕਿਰਿਆ ਵਿਸ਼ੇਸ਼ਣ ਰੂਪ ਵਾਲੇ ਵਾਕ ਵਿਚ:

*ਅਉਸਰੁ ਬੀਤਿਓ ਜਾਤੁ ਹੈ ਕਹਿਓ* ***ਮਾਨ*** *ਲੈ ਮੇਰੋ ॥* [55]

49. ਮਾਨਸ

ਸ਼ਾਬਦਿਕ ਅਰਥ- **ਮਨੁੱਖ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਵਾਚਕ ਪੜਨਾਂਵ ਰੂਪ ਵਾਲੇ ਵਾਕ ਵਿਚ:

***ਮਾਨਸ*** *ਜਨਮੁ ਦੀਓ ਜਿਹ ਠਾਕੁਰਿ ਸੋ ਤੈ ਕਿਉ ਬਿਸਰਾਇਓ ॥* [56]

50. ਮਾਨੀ

ਸ਼ਾਬਦਿਕ ਅਰਥ- **ਮੰਨੀ ਹੈ/ਮੰਨ ਲਈ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਪਾਦਾਨ ਕਾਰਕ ਦੇ ਰੂਪ ਵਿਚ:

*ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ ॥* [57]

51. ਮਾਨੈ

ਸ਼ਾਬਦਿਕ ਅਰਥ- **ਮੰਨਦਾ ਹੈ, ਮੰਨ ਲੈਂਦਾ ਹੈ**

---

[55] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 727

[56] ਉਹੀ, ਅੰਗ 802

[57] ਉਹੀ, ਅੰਗ 1008

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਨਿਖੇਧੀ ਸਮਾਨ ਯੋਜਕ ਵਾਲੇ ਦੇ ਰੂਪ ਵਿਚ:

*ਇਕਿ ਬਿਨਸੈ ਇਕ ਅਸਥਿਰੁ **ਮਾਨੈ** ਅਚਰਜੁ ਲਖਿਓ ਨ ਜਾਈ ॥* [58]

52. ਮੈ

ਸ਼ਾਬਦਿਕ ਅਰਥ- **ਵਿਚ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਧਿਕਰਨ ਕਾਰਕ ਦੇ ਰੂਪ ਵਿਚ:

*ਜਗਤ **ਮੈ** ਝੂਠੀ ਦੇਖੀ ਪ੍ਰੀਤਿ ॥* [59]

53. ਯਾ

(ਹਰਿਆਣਵੀ ਭਾਸ਼ਾ ਵਿਚ ਇਹ ਸ਼ਬਦ 'ਇਹ' ਦੇ ਅਰਥਾਂ ਵਿਚ ਪ੍ਰਯੋਗ ਹੁੰਦਾ ਹੈ।)

ਸ਼ਾਬਦਿਕ ਅਰਥ- **ਇਸ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਧਿਕਰਨ ਕਾਰਕ ਰੂਪ ਵਾਲੇ ਵਾਕ ਵਿਚ:

***ਯਾ** ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ ॥* [60]

54. ਰਹੈ

---

[58] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219

[59] ਉਹੀ, ਅੰਗ 536

[60] ਉਹੀ, ਅੰਗ 1231

(ਹਰਿਆਣਵੀ ਭਾਸ਼ਾ ਵਿਚ ਇਸ ਸ਼ਬਦ ਦਾ ਉਚਾਰਣ 'ਰ੍ਹਵੈ' ਦੇ ਰੂਪ ਵਿਚ ਹੁੰਦਾ ਹੈ।)

ਸ਼ਾਬਦਿਕ ਅਰਥ- ਰਹਿੰਦਾ ਹੈ

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਕਾਰਕ ਰੂਪ ਵਾਲੇ ਵਾਕ ਵਿਚ:

*ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ **ਰਹੈ** ਦਿਵਾਨਾ ॥* [61]

55. ਰਾਖਿ

ਸ਼ਾਬਦਿਕ ਅਰਥ- **ਰੱਖ ਲੈ, ਰੱਖ ਲਓ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੋਧਨੀ ਕਾਰਕ ਰੂਪ ਵਾਲੇ ਵਾਕ ਵਿਚ:

*ਦੁਰਮਤਿ ਸਿਉ ਨਾਨਕ ਫਧਿਓ **ਰਾਖਿ** ਲੇਹੁ ਭਗਵਾਨ ॥* [62]

56. ਰਾਖੈ

ਸ਼ਾਬਦਿਕ ਅਰਥ- **ਰੱਖਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਅਧੀਨ ਯੋਜਕ (ਸ਼ਰਤ ਵਾਚਕ) ਰੂਪ ਵਾਲੇ ਵਾਕ ਵਿਚ:

*ਤੀਰਥ ਕਰੈ ਬ੍ਰਤ ਫੁਨਿ **ਰਾਖੈ** ਨਹ ਮਨੂਆ ਬਸਿ ਜਾ ਕੋ ॥* [63]

---

[61] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 685

[62] ਉਹੀ, ਅੰਗ 1428

[63] ਉਹੀ, ਅੰਗ 831

57. ਰਾਮ

ਸ਼ਾਬਦਿਕ ਅਰਥ- ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਤਰ੍ਹਾਂ ਹਰਿਆਣਵੀ ਭਾਸ਼ਾ ਵਿਚ ਵੀ ਇਹ ਸ਼ਬਦ ਬਹੁਅਰਥੀ ਰੂਪ ਵਿਚ ਪ੍ਰਯੋਗ ਹੋਇਆ ਹੈ। ਰਾਮ ਸ਼ਬਦ ਨੂੰ ਹਰਿਆਣਵੀ ਭਾਸ਼ਾ ਵਿਚ ਪਰਮਾਤਮਾ ਅਤੇ ਦਸਰਥ ਪੁੱਤਰ ਸ੍ਰੀ ਰਾਮ ਚੰਦਰ ਤੋਂ ਇਲਾਵਾ ਮੀਂਹ ਜਾਂ ਬਰਸਾਤ ਹੋਣ ਦੀ ਕਿਰਿਆ ਲਈ ਵੀ ਵਰਤਿਆ ਜਾਂਦਾ ਹੈ, ਜਿਵੇਂ- 'ਉਨਕੇ ਗਾਮ ਮੈ ਰਾਮ ਬਰਸਣ ਲਾਗ ਰਿਆ।' ਗੁਰੂ ਸਾਹਿਬ ਦੀ ਬਾਣੀ ਵਿਚ ਇਹ ਸ਼ਬਦ ਦੋ ਅਰਥਾਂ ਵਿਚ ਪ੍ਰਯੋਗ ਹੋਇਆ ਹੈ-

ਪਹਿਲਾ ਅਰਥ- **ਅਕਾਲ ਪੁਰਖ, ਪਰਮਾਤਮਾ**

(ਕਰਤਾ ਕਾਰਕ ਦੇ ਰੂਪ ਵਿਚ)-

*ਸਾਧੋ ਰਚਨਾ **ਰਾਮ** ਬਨਾਈ ॥* [64]

ਦੂਜਾ ਅਰਥ- **ਦਸਰਥ ਪੁੱਤਰ ਸ੍ਰੀ ਰਾਮ ਚੰਦਰ**

(ਖਾਸ ਨਾਂਵ ਪੁਲਿੰਗ ਦੇ ਰੂਪ ਵਿਚ)-

***ਰਾਮੁ** ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥* [65]

58. ਰੀ

ਸ਼ਾਬਦਿਕ ਅਰਥ- **ਨੀ** (**ਇਸਤਰੀ ਵਾਚਕ ਸੰਬੋਧਨ**)

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੋਧਨੀ ਕਾਰਕ ਦੇ ਰੂਪ ਵਿਚ:

---

[64] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 219

[65] ਉਹੀ, ਅੰਗ 1429

*ਅਬ ਮੈ ਕਹਾ ਕਰਉ **ਰੀ** ਮਾਈ ॥*[66]

59. ਰੇ

ਸ਼ਾਬਦਿਕ ਅਰਥ- **ਵੇ (ਪੁਰਖ ਵਾਚਕ ਸੰਬੋਧਨ)**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੋਧਨੀ ਕਾਰਕ ਦੇ ਰੂਪ ਵਿਚ:

*ਮਨ **ਰੇ** ਕਹਾ ਭਇਓ ਤੈ ਬਉਰਾ ॥*[67]

60. ਲਾਗੁ

ਸ਼ਾਬਦਿਕ ਅਰਥ- **ਲੱਗ ਜਾ, ਪਿਆ ਰਹਿ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਕਾਰਕ ਰੂਪ ਵਾਲੇ ਵਾਕ ਵਿਚ:

*ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ **ਲਾਗੁ** ॥*[68]

61. ਲਾਗੀ

ਸ਼ਾਬਦਿਕ ਅਰਥ- **ਲੱਗੀ ਰਹਿੰਦੀ ਹੈ, ਜੁੜੀ ਰਹਿੰਦੀ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਸੰਬੰਧ ਕਾਰਕ ਰੂਪ ਵਾਲੇ ਵਾਕ ਵਿਚ:

*ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ **ਲਾਗੀ** ॥*[69]

---

[66] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1008

[67] ਉਹੀ, ਅੰਗ 220

[68] ਉਹੀ, ਅੰਗ 1352

[69] ਉਹੀ, ਅੰਗ 634

62. ਲਾਗੈ

ਸ਼ਾਬਦਿਕ ਅਰਥ- **ਲੱਗਦੇ ਹਨ, ਲੱਗਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ-ਅਪਾਦਾਨ ਕਾਰਕ ਦੇ ਰੂਪ ਵਿਚ:

*ਅਪਨੇ ਹੀ ਸੁਖ ਸਿਉ ਸਭ ਲਾਗੈ ਕਿਆ ਦਾਰਾ ਕਿਆ ਮੀਤ ॥* [70]

63. ਲਾਵੈ

ਸ਼ਾਬਦਿਕ ਅਰਥ- **ਲਗਾਉਂਦਾ ਹੈ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਕਰਣ ਕਾਰਕ ਰੂਪ ਵਾਲੇ ਵਾਕ ਵਿਚ:

*ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ **ਲਾਵੈ** ॥* [71]

64. ਲੋਗ

ਸ਼ਾਬਦਿਕ ਅਰਥ- **ਲੋਕ**

ਬਾਣੀ ਵਿਚ ਸ਼ਬਦ ਜੋੜ ਦਾ ਰੂਪ- ਗੁਣਵਾਚਕ ਵਿਸ਼ੇਸ਼ਣ ਰੂਪ ਵਾਲੇ ਵਾਕ ਵਿਚ:

*ਮਾਇਆ ਕਾਰਨਿ ਧਾਵਹੀ ਮੂਰਖ **ਲੋਗ** ਅਜਾਨ ॥* [72]

ਸਮੁੱਚੇ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਅੰਦਰ ਬਹੁਤਾਤ ਰੂਪ ਵਿਚ ਉਨ੍ਹਾਂ ਸ਼ਬਦਾਂ ਦਾ

---

[70] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 536

[71] ਉਹੀ, ਅੰਗ 220

[72] ਉਹੀ, ਅੰਗ 1427

ਹੀ ਪ੍ਰਯੋਗ ਕੀਤਾ ਹੈ ਜੋ ਤਤਕਾਲੀਨ ਸਮੇਂ ਵਿਚ ਆਮ ਜਨ ਮਾਨਸ ਦੁਆਰਾ ਆਪਣੀ ਭਾਸ਼ਾ ਵਿਚ ਪ੍ਰਯੋਗ ਕੀਤੇ ਜਾ ਰਹੇ ਸਨ। ਗੁਰੂ ਸਾਹਿਬ ਜੀ ਦੀ ਬਾਣੀ ਵਿਚ ਪ੍ਰਯੁਕਤ ਇਨ੍ਹਾਂ ਸ਼ਬਦਾ-ਜੋੜਾਂ ਵਿਚ ਹਰਿਆਣਵੀ ਭਾਸ਼ਾ ਦੇ ਵੀ ਅਨੇਕਾਂ ਸ਼ਬਦ-ਜੋੜ ਸ਼ਾਮਿਲ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਸ਼ਬਦ ਮੌਜੂਦਾ ਸਮੇਂ ਵਿਚ ਉਸੇ ਪ੍ਰਕਾਰ (ਥੋੜ੍ਹੇ-ਬਹੁਤ ਭਾਸ਼ਾਈ ਪਰਿਵਰਤਨ ਨੂੰ ਛੱਡ ਕੇ) ਪ੍ਰਯੋਗ ਕੀਤੇ ਜਾ ਰਹੇ ਹਨ। ਗੁਰੂ ਸਾਹਿਬ ਦੁਆਰਾ ਆਪਣੀ ਬਾਣੀ ਵਿਚ ਲੋਕ ਭਾਸ਼ਾ ਵਰਤਣ ਦਾ ਉਦੇਸ਼ ਆਮ ਲੁਕਾਈ ਤੱਕ ਉਸ ਰੂਹਾਨੀ ਅਤੇ ਯੁੱਗ ਪਰਿਵਰਤਕ ਸ਼ੰਦੇਸ਼ ਨੂੰ ਪਹੁੰਚਾਉਣਾ ਸੀ ਜਿਸ ਸੰਦੇਸ਼ ਤੋਂ ਉਹ ਵਿਦਵਾਨੀ ਭਾਰ ਕਾਰਨ ਸਦੀਆਂ ਤੋਂ ਸੱਖਣੇ ਸਨ। ਗੁਰੂ ਤੇਗ ਬਹਾਦਰ ਜੀ ਦੀ ਉੱਚ ਪੱਧਰ ਦੀ ਸੁਖੈਨ ਸ਼ੈਲੀ ਵਾਲੀ ਬਾਣੀ ਨੇ 'ਭੈ ਕਾਹੂ ਕਉ ਦੇਤ ਨਹਿ ਨਹ ਭੈ ਮਾਨਤ ਆਨਿ' ਵਾਲਾ ਸੰਦੇਸ਼ ਘਰ-ਘਰ ਪਹੁੰਚਾ ਕੇ ਇਕ ਨਿਵੇਕਲੇ ਇਨਕਲਾਬ ਦੀ ਸਿਰਜਣਾ ਕੀਤੀ।

*****

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਮਹਾਨ ਗੁਰਸਿੱਖਾਂ- ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਇਤਿਹਾਸਕ ਅਵਸਰ ’ਤੇ ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਕੋਟਾਨਿ-ਕੋਟਿ ਪ੍ਰਣਾਮ ਕਰਦੀ ਹੈ। ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਸਾਨੂੰ ਸਭਨਾਂ ਨੂੰ ਵਿਸ਼ੇ-ਵਿਕਾਰਾਂ ਤੋਂ ਮੁਕਤ ਕਰਕੇ ਅਕਾਲ ਪੁਰਖ ਦੀ ਬੰਦਗੀ ਦੀ ਦਾਤ ਬਖਸਿਸ਼ ਕਰਨ।

ਹਰਿਆਣੇ ਦੀ ਧਰਤ ਨੂੰ, ਨੌਵੇਂ ਗੁਰਾਂ ਨੇ ਲਾਏ ਭਾਗ ।
ਮੁੱਦਤਾਂ ਤੋਂ ਸੁੱਕੀ ਧਰਤ ਦੇ, ਫਿਰ ਪਏ ਮੁਕੱਦਰ ਜਾਗ ।
ਧਮਤਾਨ ਸਾਹਿਬ ਵਿੱਚ ਪਾਤਸ਼ਾਹ, ਤੁਸਾਂ ਪਾਏ ਮੁਬਾਰਕ ਚਰਨ ।
ਕੌਰਵੀ ਬਾਂਗਰੂ ਬਾਗੜੀ ਬੋਲੀਆਂ, ਅੱਜ ਸਿਫਤ ਗੁਰਾਂ ਦੀ ਕਰਨ ।
ਅੱਖੀਆਂ ਦੀਦ ਨੂੰ ਤਰਸਦੀਆਂ, ਮੇਰੇ ਨੌਵੇਂ ਪਾਤਸ਼ਾਹ ।
ਜਿੰਨੀ ਰਾਹੀਂ ਆਏ ਤੁਸੀਂ ਚੱਲ ਕੇ, ਉਹ ਹੋਏ ਪਵਿੱਤਰ ਰਾਹ ।
ਉਹਨਾਂ ਰਾਹਾਂ ਦੀ ਮੇਰੇ ਪਾਤਸ਼ਾਹ, ਮਿਲ ਜਾਏ ਚਰਨਾਂ ਦੀ ਧੂੜ ।
ਸੁੱਕਿਆਂ ਰੂਹਾਂ ਨੂੰ ਸੱਚੇ ਪਾਤਸ਼ਾਹ, ਆਸਾਂ ਦੇ ਲੱਗਨ ਬੂਰ ।
ਕਹੇ "ਦਨੌਲੀ" ਮੰਗੀਏ, ਚਰਨਾਂ ਦੀ ਪ੍ਰੀਤ ਪਿਆਰ ।
ਵਰਖਾ ਹੋਵੇ ਨਾਮ ਦੀ, ਤੇ ਖਿੜ ਜਾਵੇ ਗੁਲਜ਼ਾਰ ।

-ਗੁਰਮੀਤ ਸਿੰਘ 'ਦਨੌਲੀ'